ਪ੍ਰੈੱਸ ਰਿਲੀਜ਼

# ਐਲਬਰਟਾ ਦੇ ਸੀਨੀਅਰਾਂ ਲਈ ਇਕ ਹੋਰ ਰਜਿਸਟਰੀ ਡਿਸਕਾਊਂਟ

18 ਜੂਨ 2024 ਮੀਡੀਆ ਇੰਨਕੁਆਰੀਆਂ

## ਉਹ ਸੀਨੀਅਰ ਜਿੰਨ੍ਹਾਂ ਨੂੰ ਆਪਣੇ ਡਰਾਈਵਰ ਲਾਇਸੈਂਸ ਮੁੜ-ਨਵਿਆਉਣ ਲਈ ਡਰਾਈਵਰ'ਜ਼ ਮੈਡੀਕਲ ਪਰਖ ਕਰਵਾਉਣ ਦੀ ਜ਼ਰੂਰਤ ਹੈ, ਉਹ ਹੁਣ ਐਲਬਰਟਾ ਰਜਿਸਟਰੀਆਂ ਤੋਂ 25 ਪ੍ਰਤਿਸ਼ਤ ਡਿਸਕਾਊਂਟ ਪ੍ਰਾਪਤ ਕਰ ਸਕਦੇ ਹਨ।

ਐਲਬਰਟਾ ਸਰਕਾਰ ਨੇ ਉਨ੍ਹਾਂ ਕੁਝ ਸੇਵਾਵਾਂ, ਜਿੰਨ੍ਹਾਂ 'ਤੇ ਸੀਨੀਅਰ ਨਿਰਭਰ ਕਰਦੇ ਹਨ, ਉੱਪਰ 25 ਪ੍ਰਤਿਸ਼ਤ ਡਿਸਕਾਊਂਟ ਦੇਣ ਦੁਆਰਾ ਐਲਬਰਟਾ ਦੇ ਸੀਨੀਅਰਾਂ ਵਾਸਤੇ ਜ਼ਿੰਦਗੀ ਨੂੰ ਪੁੱਜਤਯੋਗ ਬਣਾਈ ਰੱਖਣ 'ਚ ਸਹਾਇਤਾ ਕਰਨ ਦਾ ਵਾਅਦਾ ਕੀਤਾ ਹੈ। ਮਾਰਚ ਮਹੀਨੇ ਐਲਬਰਟਾ ਸਰਕਾਰ ਨੇ ਐਲਾਨ ਕੀਤਾ ਸੀ ਕਿ ਸੀਨੀਅਰ ਜਦੋਂ ਨਿੱਜੀ ਰਜਿਸਟਰੀ ਸੇਵਾਵਾਂ ਤੱਕ ਪਹੁੰਚ ਕਰਨਗੇ ਤਾਂ ਉਹ ਡਿਸਕਾਊਂਟ ਪ੍ਰਾਪਤ ਕਰਨਗੇ।

ਦੂਸਰੀ ਪਹਿਲਕਦਮੀ, ਡਰਾਈਵਰਾਂ ਦੀ ਮੈਡੀਕਲ ਪਰਖ 'ਤੇ 25 ਪ੍ਰਤਿਸ਼ਤ ਡਿਸਕਾਊਂਟ ਹੁਣ ਲਾਗੂ ਹੁੰਦੀ ਹੈ। ਸੀਨੀਅਰ ਡਰਾਈਵਰਾਂ ਦੀ ਮੈਡੀਕਲ ਪਰਖ 'ਤੇ ਡਿਸਕਾਊਂਟ ਵਾਸਤੇ ਯੋਗ ਹਨ, ਬਸ਼ਰਤੇ ਕਿ ਉਹ ਪਰਖ ਦੇ ਦਿਨ 'ਤੇ 65 ਸਾਲ ਜਾਂ ਵੱਧ ਉਮਰ ਦੇ ਹੋਣ ਅਤੇ ਪਰਖ 1 ਅਪਰੈਲ 2024 ਨੂੰ ਜਾਂ ਇਸ ਤੋਂ ਮਗਰੋਂ ਹੋਵੇ। ਇਹ ਡਿਸਕਾਊਂਟ 1 ਅਪਰੈਲ ਨੂੰ ਨਿੱਜੀ ਰਜਿਸਟਰੀ ਸੇਵਾਵਾਂ ਉੱਪਰ ਲਾਗੂ ਹੋਏ ਡਿਸਕਾਊਂਟ ਨਾਲ ਇਕਸਾਰ ਬਣਦਾ ਹੈ।

"ਅਸੀਂ ਐਲਬਰਟਾ ਦੇ ਸੀਨੀਅਰਾਂ ਲਈ ਜ਼ਿੰਦਗੀ ਵਧੇਰੇ ਪੁੱਜਤਯੋਗ ਬਣਾਉਣ ਦਾ ਵਾਅਦਾ ਕੀਤਾ ਸੀ, ਅਤੇ ਅਸੀਂ ਉਸ ਨੂੰ ਪੂਰਾ ਕਰ ਰਹੇ ਹਾਂ। ਇਹ ਯਕੀਨੀ ਬਣਾਉਂਦਿਆਂ ਕਿ ਸਾਡੇ ਸੀਨੀਅਰ ਉਹ ਆਜ਼ਾਦੀ ਬਣਾਈ ਰੱਖ ਸਕਣ, ਜਿਹੜੀ ਡਰਾਈਵਰ ਲਾਇਸੈਂਸ ਪ੍ਰਦਾਨ ਕਰਦਾ ਹੈ, ਲਾਇਸੈਂਸ ਦੀਆਂ ਜ਼ਰੂਰਤਾਂ ਦੇ ਅਨੁਸਾਰ ਬਣਨ ਦੀ ਕੀਮਤ ਨੂੰ ਘਟਾਉਣਾ ਸਾਡਾ ਇਕ ਹੋਰ ਤਰੀਕਾ ਹੈ ਕਿ ਅਸੀਂ ਸੋਸਾਇਟੀ ਨੂੰ ਉਨ੍ਹਾਂ ਦੀ ਦੇਣ ਨੂੰ ਮਾਨਤਾ ਦੇ ਰਹੇ ਹਾਂ।"

*Dale Nally, ਮਿਨਿਸਟਰ ਆਫ ਸਰਵਿਸ ਐਲਬਰਟਾ ਐਂਡ ਰੈੱਡ ਟੇਪ ਰਿਡਕਸ਼ਨ*

ਡਰਾਈਵਰਾਂ ਦੀ ਮੈਡੀਕਲ ਪਰਖ ਇਕ ਰੁਟੀਨ ਪਰਖ ਹੈ ਜਿਹੜੀ ਕਿਸੇ ਡਾਕਟਰ ਜਾਂ ਨਰਸ ਪ੍ਰੈਕਟੀਸ਼ਨਰ ਵੱਲੋਂ ਕੀਤੀ ਜਾਂਦੀ ਹੈ। ਇਸ ਪਰਖ ਦਾ ਮਕਸਦ ਇਹ ਯਕੀਨੀ ਬਣਾਉਣਾ ਹੈ ਕਿ ਵਿਅਕਤੀ ਸੂਬਾਈ ਗਾਈਡਲਾਈਨਾਂ ਦੇ ਅਨੁਸਾਰ ਗੱਡੀ ਚਲਾਉਣ ਲਈ ਮੈਡੀਕਲ ਤੌਰ 'ਤੇ ਫਿੱਟ ਹੈ। ਸੀਨੀਅਰਾਂ ਨੂੰ 75, 80 ਸਾਲ ਦੀ ਉਮਰ 'ਤੇ ਅਤੇ 82 ਸਾਲ ਦੀ ਉਮਰ ਤੋਂ ਸ਼ੁਰੂ ਕਰਦਿਆਂ ਹਰ ਦੋ ਸਾਲਾਂ ਬਾਦ ਡਰਾਈਵਰ ਮੈਡੀਕਲ ਪਰਖ ਕਰਵਾਉਣ ਦੀ ਜ਼ਰੂਰਤ ਹੈ। ਕੁਝ ਸੀਨੀਅਰਾਂ ਨੂੰ, ਜਿੰਨ੍ਹਾਂ ਨੂੰ ਕੋਈ ਮੈਡੀਕਲ ਸਮੱਸਿਆ ਹੋਵੇ, ਅਗੇਤੀ ਉਮਰ 'ਚ ਵੀ ਡਰਾਈਵਰ ਮੈਡੀਕਲ ਪਰਖ ਕਰਵਾਉਣ ਦੀ ਜ਼ਰੂਰਤ ਹੋ ਸਕਦੀ ਹੈ।

ਉਹ ਸੀਨੀਅਰ, ਜਿੰਨ੍ਹਾਂ ਨੇ ਪਰਖ ਪੂਰੀ ਕਰ ਲਈ ਹੋਵੇ, ਆਪਣੀ ਰਸੀਦ ਨੂੰ ਇਕ ਸਬੂਤ ਵਜੋਂ ਐਲਬਰਟਾ ਰਜਿਸਟਰੀ ਦੇ ਕਿਸੇ ਏਜੰਟ ਕੋਲ ਆਪਣਾ ਡਿਸਕਾਊਂਟ ਪ੍ਰਾਪਤ ਕਰਨ ਲਈ ਲਿਜਾ ਸਕਦੇ ਹਨ। ਸੀਨੀਅਰਾਂ ਨੂੰ ਪਰਖ ਵਾਸਤੇ ਅਦਾ ਕੀਤੀ ਗਈ ਰਕਮ ਦਾ 25 ਪ੍ਰਤਿਸ਼ਤ ਸਰਕਾਰ ਦੁਆਰਾ ਜਾਰੀ ਕੀਤੇ ਡਾਕ 'ਚ ਭੇਜੇ ਜਾਣ ਵਾਲੇ ਚੈੱਕ ਦੁਆਰਾ ਵਾਪਸ ਕਰ ਦਿੱਤਾ ਜਾਵੇਗਾ। 1 ਅਪਰੈਲ 2024 ਤੋਂ ਲੈ ਕੇ ਕੀਤੀਆਂ ਗਈਆਂ ਡਰਾਈਵਰਾਂ ਦੀਆਂ ਮੈਡੀਕਲ ਪਰਖਾਂ ਪ੍ਰੋਗਰਾਮ ਤਹਿਤ ਡਿਸਕਾਊਂਟ ਲਈ ਯੋਗ ਬਣਦੀਆਂ ਹਨ।

"ਬੀਤੇ ਕੁਝ ਸਾਲ ਸੀਨੀਅਰਾਂ ਲਈ ਔਖੇ ਰਹੇ ਹਨ, ਜਿਹੜੇ ਆਪਣੀ ਨਿਸ਼ਚਤ ਆਮਦਨੀ ਨਾਲ ਗੁਜ਼ਾਰਾ ਚਲਾਉਣ ਵਾਸਤੇ ਮਹਿੰਗਾਈ ਨਾਲ ਸੰਘਰਸ਼ ਕਰ ਰਹੇ ਸਨ। ਡਰਾਈਵਰ ਮੈਡੀਕਲ ਪਰਖ ਉੱਪਰ ਡਿਸਕਾਊਂਟ, ਹੋਰ ਨਿੱਜੀ ਰਜਿਸਟਰੀ ਸੇਵਾਵਾਂ ਉੱਪਰਲੇ ਡਿਸਕਾਊਂਟਾਂ ਨਾਲ ਮਿਲ ਕੇ ਉਨ੍ਹਾਂ ਦੀਆਂ ਜ਼ਿੰਦਗੀਆਂ ਨੂੰ ਵਧੇਰੇ ਪੁੱਜਤਯੋਗ ਬਣਾਵੇਗਾ।"

*Jason Nixon, ਮਿਨਿਸਟਰ ਆਫ ਸੀਨੀਅਰਜ਼, ਕਮਿਊਨਿਟੀ ਐਂਡ ਸੋਸ਼ਲ ਸਰਵਿਸਿਜ਼*

"ਮੈਡੀਕਲ ਪਰਖ ਦਾ ਖਰਚਾ ਜਮਾਂ ਹੋ ਹੋ ਕੇ ਵਧ ਸਕਦਾ ਹੈ, ਵਿਸ਼ੇਸ਼ ਕਰਕੇ ਜਦੋਂ ਤੁਸੀਂ 80 ਸਾਲ ਦੇ ਹੋ ਜਾਂਦੇ ਹੋ ਅਤੇ ਤੁਹਾਨੂੰ ਹਰ ਦੋ ਸਾਲਾਂ ਮਗਰੋਂ ਪਰਖ ਕਰਵਾਉਣੀ ਪੈਂਦੀ ਹੈ। ਉਸ ਖਰਚੇ ਦੀ ਭਾਰਪਾਈ ਕਰਨ, ਸੀਨੀਅਰਾਂ ਵੱਲੋਂ ਡਰਾਈਵਿੰਗ ਦੇ ਆਪਣੇ ਵਿਸ਼ੇਸ਼ ਅਧਿਕਾਰ, ਜਿੱਥੇ ਵਾਜਬ ਹੋਵੇ, ਨੂੰ ਬਣਾਈ ਰੱਖਣ, ਜ਼ਿੰਦਗੀ ਨੂੰ ਵਧੇਰੇ ਪੁੱਜਤਯੋਗ ਬਣਾਉਣ ਅਤੇ ਆਪਣੀਆਂ ਸੜਕਾਂ ਨੂੰ ਸੁਰੱਖਿਅਤ ਰੱਖਣ ਦਾ ਸਾਡਾ ਇਕ ਤਰੀਕਾ ਹੈ।"

*Devin Dreeshen, ਮਿਨਿਸਟਰ ਆਫ ਟ੍ਰਾਂਸਪੋਰਟੇਸ਼ਨ ਐਂਡ ਇਕਨਾਮਿਕ ਕੌਰੀਡੋਰਜ਼*

ਡਰਾਈਵਰ ਮੈਡੀਕਲ ਪਰਖ ਪੂਰਿਆਂ ਕਰਨ ਲਈ ਐਲਬਰਟਾ ਦੇ ਸੀਨੀਅਰਾਂ ਨੂੰ ਮੁੱਢਲੀ ਸਿਹਤ-ਸੰਭਾਲ ਵਾਲੇ ਕਿਸੇ ਡਾਕਟਰ ਜਾਂ ਨਰਸ ਪ੍ਰੈਕਟੀਸ਼ਨਰ ਨਾਲ ਐਪੁਆਇੰਟਮੈਂਟ ਬਣਾਉਣੀ ਚਾਹੀਦੀ ਹੈ। ਕਿਉਂਕਿ ਇਹ ਮੈਡੀਕਲ ਪਰਖਾਂ ਐਲਬਰਟਾ ਹੈਲਥਕੇਅਰ ਇੰਸ਼ੋਰੈਂਸ ਪ੍ਰੋਗਰਾਮ (AHCIP) ਦੁਆਰਾ ਕਵਰ ਨਹੀਂ ਹੈ, ਸੋ ਡਾਕਟਰ ਨੂੰ ਇਸ ਦੀ ਅਦਾਇਗੀ ਕਰਨੀ ਪੈਂਦੀ ਹੈ। ਜਦੋਂ ਅਦਾਦਿਗੀ ਪੂਰੀ ਹੋ ਜਾਵੇ, ਤਾਂ ਸੀਨੀਅਰ ਹੇਠ ਦਿੱਤੇ ਕੁਝ ਕਦਮ ਉਠਾਉਣ ਦੁਆਰਾ ਆਪਣੇ ਡਿਸਕਾਊਂਟ ਪ੍ਰਾਪਤ ਕਰ ਸਕਦੇ ਹਨ:

- ਕਿਸੇ ਵੀ ਰਜਿਸਟਰੀ ਏਜੰਟ ਦੀ ਲੁਕੇਸ਼ਨ 'ਤੇ ਆਪਣੀ ਡਰਾਈਵਰ ਦੀ ਮੈਡੀਕਲ ਪਰਖ ਦੀ ਅਦਾਇਗੀ ਦਾ ਸਬੂਤ ਪੇਸ਼ ਕਰੋ। ਅਦਾਇਗੀ ਦੀਆਂ ਰਸੀਦਾਂ ਉੱਪਰ ਤੁਹਾਡਾ ਨਾਮ, ਦਿੱਤੀ ਸੇਵਾ, ਤਰੀਕ, ਡਾਕਟਰ ਜਾਂ ਨਰਸ

ਪ੍ਰੈਕਟੀਸ਼ਨਰ ਦੀ ਜਾਣਕਾਰੀ (ਮਿਸਾਲ ਵਜੋਂ, ਕਲਿਨਿਕ, ਐਡਰੈੱਸ, ਫੋਨ ਨੰਬਰ) ਅਤੇ ਪ੍ਰਾਪਤ ਸੇਵਾ ਵਾਸਤੇ ਅਦਾ ਕੀਤੀ ਰਕਮ ਦਾ ਵੇਰਵਾ ਜ਼ਰੂਰ ਦਿੱਤਾ ਗਿਆ ਹੋਵੇ।

- ਰਸਿਜਟਰੀ ਏਜੰਟ ਤੁਹਾਡੇ ਯੋਗ ਹੋਣ ਦੀ ਤਸਦੀਕ ਕਰੇਗਾ ਅਤੇ ਤੁਹਾਨੂੰ ਪੈਸੇ ਮੋੜਨ ਦਾ ਅਮਲ ਪੂਰਾ ਕਰੇਗਾ।
- ਪੈਸੇ ਮੋੜਨਾਂ, ਸਰਕਾਰ ਦਾ ਦੁਆਰਾ ਜਾਰੀ ਕੀਤੇ ਚੈੱਕ ਦੀ ਸ਼ਕਲ 'ਚ ਸੀਨੀਅਰ ਦੇ ਫਾਈਲ ਉਪਰਲੇ ਐਡਰੈੱਸ 'ਤੇ 10 ਦਿਨਾਂ ਦੇ ਅੰਦਰ ਅੰਦਰ ਮੇਲ ਕਰ ਦਿੱਤੇ ਜਾਣਗੇ।

"ਸੀਨੀਅਰਾਂ ਲਈ ਰਜਿਸਟਰੀ ਸੇਵਾਵਾਂ ਉੱਪਰ ਇਹ ਵਧੀਕ ਡਿਸਕਾਊਂਟ ਸੀਨੀਅਰਾਂ ਨੂੰ ਗੱਡੀ ਚਲਾਉਣ ਦੇ ਆਪਣੇ ਵਿਸ਼ੇਸ਼ ਅਧਿਕਾਰ ਨੂੰ ਬਣਾਈ ਰੱਖਣ, ਤੇ ਆਪਣੇ ਪਿਆਰਿਆਂ ਨਾਲ ਸੰਪਰਕ 'ਚ ਰਹਿਣ ਨੂੰ ਸੌਖਿਆਂ ਬਣਾਉਣ 'ਚ ਮਦਦ ਕਰੇਗਾ। ਡਰਾਈਵਰਾਂ ਦੀਆਂ ਮੈਡੀਕਲ ਪਰਖਾਂ ਦੇ ਖਰਚੇ ਨੂੰ ਘਟਾਉਣ ਦੁਆਰਾ, ਅਸੀਂ ਸੀਨੀਅਰਾਂ ਦੀ ਪੈਸੇ ਬਚਾਉਣ 'ਚ ਮਦਦ ਕਰ ਰਹੇ ਹਾਂ, ਜਦੋਂ ਕਿ ਇਹ ਯਕੀਨੀ ਬਣਾ ਰਹੇ ਹਾਂ ਕਿ ਉਹ ਸੜਕ ਉੱਪਰ ਸੁਰੱਖਿਅਤ ਹਨ। ਸੀਨੀਅਰ ਡਿਸਕਾਊਂਟ ਪ੍ਰਾਪਤ ਕਰਨ ਵਾਸਤੇ ਆਪਣੇ ਸਥਾਨਕ ਰਜਿਸਟਰੀ ਦਫਤਰ 'ਚ ਜਾ ਸਕਦੇ ਹਨ।"

*Rikki McBride, ਸੀ ਈ ਓ, ਐਲਬਰਟਾ ਐਸੋਸੀਏਸ਼ਨ ਆਫ ਰਜਿਸਟਰੀ ਏਜੰਟਸ*

## ਫੌਰੀ ਤੱਥ

- ਡਰਾਈਵਰਾਂ ਦੀਆਂ ਮੈਡੀਕਲ ਪਰਖਾਂ AHCIP ਦੁਆਰਾ ਕਵਰ ਨਹੀਂ ਹਨ। ਪਹਿਲਾਂ ਇੰਸੋਰੈਂਸ ਪਲੈਨ ਤਹਿਤ ਅਦਾ ਕੀਤਾ ਜਾਣ ਵਾਲਾ ਰੇਟ 85.58 ਡਾਲਰ ਸੀ, ਪਰੰਤੂ ਡਾਕਟਰ 'ਤੇ ਨਿਰਭਰ ਕਰਦਿਆਂ ਅਸਲ ਖਰਚਾ 80 ਡਾਲਰ ਤੋਂ ਲੈ ਕੇ 295 ਡਾਲਰ ਤੱਕ ਹੋ ਸਕਦਾ ਹੈ।
- ਐਲਬਰਟਾ ਭਰ 'ਚ 213 ਰਜਿਸਟਰੀ ਏਜੰਟ ਹਨ। ਸਾਰੇ ਐਲਬਰਟਾ ਰਜਿਸਟਰੀ ਏਜੰਟ ਡਰਾਈਵਰਾਂ ਦੀ ਮੈਡੀਕਲ ਪਰਖ ਦੇ ਪੈਸੇ ਮੋੜਨ ਦੇ ਅਮਲ ਨੂੰ ਪੂਰਿਆਂ ਕਰ  ਸਕਦੇ ਹਨ।
- ਅਪਰੈਲ ਦੇ ਮਹੀਨੇ ਦੌਰਾਨ ਤਕਰੀਬਨ 90,000 ਸੀਨੀਅਰਾਂ ਨੇ ਨਿੱਜੀ ਰਜਿਸਟਰੀ ਸੇਵਾਵਾਂ ਉੱਪਰ ਡਿਸਕਾਊਂਟ ਪ੍ਰਾਪਤ ਕੀਤੇ।
- ਤੀਜੇ ਅਤੇ ਆਖਰੀ ਕਦਮ, ਸੀਨੀਅਰਾਂ ਲਈ ਸੂਬਾਈ ਕੈਂਪਗਰਾਊਂਡ ਫੀਸਾਂ 'ਤੇ ਡਿਸਕਾਊਂਟ ਬਾਰੇ ਵਧੇਰੇ ਵਿਸਥਾਰ 2025 ਦੇ ਕੈਂਪਿੰਗ ਸੀਜ਼ਨ ਦੇ ਸ਼ੁਰੂ ਹੋਣ ਤੋਂ ਪਹਿਲਾਂ ਜਾਰੀ ਕੀਤੇ ਜਾਣਗੇ।

## ਸਬੰਧਤ ਜਾਣਕਾਰੀ

- ਸੀਨੀਅਰਜ਼ ਡਿਸਕਾਊਂਟ | Alberta.ca
- ਰਜਿਸਟਰੀ ਏਜੰਟ ਲੱਭਣਾ | Alberta.ca

## ਸਬੰਧਤ ਖਬਰਾਂ

- ਕੀਪਿੰਗ ਲਾਈਫ ਅਫੋਰਡੇਬਲ ਫਾਰ ਸੀਨੀਅਰਜ਼ | Une vie plus abordable pour les personnes âgées (28 ਮਾਰਚ 2024)

## ਮੀਡੀਆ ਇੰਨਕੁਆਰੀਆਂ


**Brandon Aboultaif**

587-545-1613
ਪ੍ਰੈੱਸ ਸੈਕਰੇਟਰੀ, ਸਰਵਿਸ ਐਲਬਰਟਾ ਐਂਡ ਰੈੱਡ ਟੇਪ ਰਿਡਕਸ਼ਨ